**ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ**
**ਚੌਥੀ ਮੰਜਿਲ, ਈ ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ. ਮੋਹਾਲੀ**
**(ਕੋਆਰਡੀਨੇਸ਼ਨ ਸ਼ਾਖਾ)**

---

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
2. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ।
(ਵੈਬਸਾਈਟ ਰਾਹੀਂ)

ਮੀਮੋ ਨੰ: 15/1-2020 ਕੋ (1)/2020 48690
ਮਿਤੀ: 05.02.2020

**ਵਿਸ਼ਾ:** **ਸਰਕਾਰੀ ਖਰਚੇ ਵਿੱਚ ਕਿਫਾਇਤ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ।**

ਹਵਾਲਾ: ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਬਜਟ-1 ਸ਼ਾਖਾ) ਦੇ ਪੱਤਰ ਨੰ: **8/8/2019-5ਵਿਬ**1/6821 ਮਿਤੀ 21.01.2020, **8/8/2019-5ਵਿਬ**1/6824 ਮਿਤੀ 21.01.2020, **8/8/2019-5ਵਿਬ**1/6823 ਮਿਤੀ 21.01.2020, **8/8/2019-5ਵਿਬ**1/6822 ਮਿਤੀ 21.01.2020 .

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰਾਂ ਦੀ ਕਾਪੀ ਆਪ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

6.2.2020

ਸਹਾਇਕ ਡਾਇਰੈਕਟਰ (ਕੋ. ਸ਼ਾਖਾ)

ਪਿੱ. ਅੰ. ਨੰ: ਉਕਤ ਮਿਤੀ. 05 .02.2020

ਉਤਾਰਾ ਹੇਠ ਲਿਖਿਆ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਆਰ.ਓ./ਸਕੱਤਰ ਸਕੂਲ ਸਿੱਖਿਆ, ਪੰਜਾਬ (ਸੂਚਨਾ ਹਿੱਤ)
2. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਬਜਟ
3. ਰਜਿਸਟਰਾਰ ਸਿੱਖਿਆ ਵਿਭਾਗ।

6.2.2020.

ਸਹਾਇਕ ਡਾਇਰੈਕਟਰ (ਕੋ. ਸ਼ਾਖਾ)

I/6821/2020

ਨੰ:8/8/2019-5 ਵਿਬ 1/ 6821

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਬਜਟ-1ਸ਼ਾਖਾ)

30298 ਮਿਤੀ 29-01-2020

ਮਿਤੀ, ਚੰਡੀਗੜ੍ਹ: 21 ਜਨਵਰੀ, 2020

ਸੇਵਾ ਵਿਖੇ

1) ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਜਿਲ੍ਹਾ ਤੇ ਸੈਸ਼ਨ ਜੱਜ ਅਤੇ

2) ਰਜਿਸਟਰਾਰ,
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।

28/1/2020

**ਵਿਸ਼ਾ: ਸਰਕਾਰੀ ਖਰਚੇ ਵਿਚ ਕਿਫਾਇਤ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ। (ਦਫਤਰ ਦੀਆਂ ਗੱਡੀਆਂ, ਫਰਨੀਚਰ, ਕੈਂਪ ਆਫਿਸ, ਬਿਜਲੀ ਅਤੇ ਟੈਲੀਫੋਨ ਆਦਿ ਦੇ ਖਰਚਿਆਂ ਸਬੰਧੀ)**

ਸ੍ਰੀਮਾਨ/ਸ੍ਰੀਮਤੀ ਜੀ,

30/1/2020

ਸਰਕਾਰ ਵਲੋਂ ਵਿੱਤੀ ਸਾਧਨਾਂ ਅਤੇ ਖਰਚਿਆਂ ਵਿਚ ਸੰਤੁਲਨ ਬਣਾ ਕੇ ਰੱਖਣਾ ਜਰੂਰੀ ਹੁੰਦਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਵਿਭਾਗਾਂ ਵਲੋਂ ਜਿੰਨੇ ਖਰਚੇ ਕੀਤੇ ਜਾ ਰਹੇ ਹਨ ਉਸਦੀ ਤੁਲਨਾ ਵਿਚ ਉਹਨਾਂ ਵਲੋਂ ਰਸੀਟ ਘੱਟ ਜਨਰੇਟ ਕੀਤੀ ਜਾ ਰਹੀ ਹੈ। ਇਸ ਮੰਤਵ ਲਈ ਵਿੱਤ ਵਿਭਾਗ ਵਲੋਂ ਸਮੇਂ ਸਮੇਂ ਤੇ ਵਿਭਾਗਾਂ ਦੀ ਰਸੀਟ ਅਤੇ ਖਰਚਿਆਂ ਤੇ ਨਜ਼ਰਸਾਨੀ ਵੀ ਕੀਤੀ ਜਾਂਦੀ ਹੈ ਤਾਂ ਜੋ ਬਜਟ ਅਨੁਸ਼ਾਸਨ ਬਣਾ ਕੇ ਰਖਿਆ ਜਾ ਸਕੇ। ਵਿੱਤ ਵਿਭਾਗ ਵਲੋਂ ਬਜਟ ਉਪਬੰਧ ਦੇ ਖਰਚਿਆਂ ਵਿਚ ਕਿਫਾਇਤ ਕਰਨ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

(ੳ) ਉਪਰੋਕਤ ਦੇ ਮੱਦੇ ਨਜ਼ਰ ਸਰਕਾਰੀ ਖਰਚੇ ਵਿਚ ਕਿਫਾਇਤ ਕਰਨ ਲਈ ਵਿੱਤ ਵਿਭਾਗ ਵਲੋਂ ਹੇਠ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ: -

1) ਦਫਤਰ ਲਈ ਫਰਨੀਚਰ, ਹੋਰ ਸਾਜੋ ਸਮਾਨ ਦੀ ਖਰੀਦ ਅਤੇ ਇਸ ਨੂੰ ਫਰਨਿਸ਼ ਕਰਨ ਤੇ ਪੂਰਨ ਤੌਰ ਤੇ ਰੋਕ ਹੋਵੇਗੀ। ਨਵੇ ਸਥਾਪਿਤ ਕੀਤੇ ਦਫਤਰਾਂ ਲਈ ਪ੍ਰਬੰਧਕੀ ਵਿਭਾਗ ਦੀ ਪ੍ਰਵਾਨਗੀ ਨਾਲ ਇੱਕ ਲੱਖ ਰੁਪਏ ਤੱਕ ਦਾ ਖਰਚਾ ਕੀਤਾ ਜਾ ਸਕੇਗਾ ਅਤੇ ਇਸ ਤੋਂ ਉਪਰ ਖਰਚ ਲਈ ਪ੍ਰਬੰਧਕੀ ਵਿਭਾਗ ਦੇ ਸਬੰਧਤ ਮੰਤਰੀ ਦੀ ਪ੍ਰਵਾਨਗੀ ਉਪਰੰਤ ਵਿੱਤ ਵਿਭਾਗ ਦੀ ਪੂਰਵ ਪ੍ਰਵਾਨਗੀ ਲੈਣੀ ਜ਼ਰੂਰੀ ਹੋਵੇਗੀ।
2) ਸਰਕਾਰੀ ਅਧਿਕਾਰੀਆਂ / ਕਰਮਚਾਰੀਆਂ ਦੇ ਮੋਬਾਇਲ ਬਿਲਾਂ ਦੀ ਅਦਾਇਗੀ, ਰਿਹਾਇਸ਼ਾਂ ਤੇ ਲੱਗੇ ਲੈਂਡਲਾਈਨ ਟੈਲੀਫੋਨ ਅਤੇ ਇੰਟਰਨੈੱਟ ਦੀ ਸੁਵਿਧਾ ਸਬੰਧੀ ਛਪਾਈ ਤੇ ਲਿਖਣ ਸਮੱਗਰੀ ਵਿਭਾਗ ਦੇ ਪੱਤਰ ਨੰ: 4/14/2014-3 ਪਸ/632714/1, ਮਿਤੀ 24.11.2015 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।
3) ਸਰਕਾਰੀ ਕੰਮ ਲਈ ਵਹੀਕਲ ਕਿਰਾਏ ਤੇ ਲੈਣ ਲਈ ਵਿੱਤ ਵਿਭਾਗ ਵਲੋਂ ਜਾਰੀ ਕੀਤੀਆਂ ਹਦਾਇਤਾਂ ਨੰ: 8/3/2014-5 ਵਿਬ 1/360108/1, ਮਿਤੀ 4.12.2014 ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

4) ਜਿਹੜੇ ਮੰਤਰੀਆਂ/ ਅਧਿਕਾਰੀਆਂ ਕੋਲ ਇੱਕ ਤੋਂ ਵੱਧ ਵਿਭਾਗਾਂ / ਦਫਤਰਾਂ ਦਾ ਚਾਰਜ ਹੈ, ਉਹ ਸਿਰਫ ਇੱਕ ਵਿਭਾਗ ਦੀ ਗੱਡੀ ਦੀ ਵਰਤੋਂ ਹੀ ਕਰ ਸਕਣਗੇ। ਬਾਕੀ ਗੱਡੀਆਂ ਦੀ ਨਾ ਤਾਂ ਵਰਤੋਂ ਕੀਤੀ ਜਾਵੇ ਅਤੇ ਨਾ ਹੀ ਉਹਨਾਂ ਲਈ ਬਜਟ ਦੀ ਮੰਗ ਕੀਤੀ ਜਾਵੇ । ਇਸ ਦੀ ਪਾਲਣਾ ਸਬੰਧਤ ਅਧਿਕਾਰੀ ਵੱਲੋਂ ਸੁਨਿਸ਼ਚਿਤ ਕੀਤੀ ਜਾਵੇ।

5) ਸਬੰਧਤ ਵਿਭਾਗਾਂ ਦੇ ਮੁੱਖੀ ਅਤੇ ਦਫਤਰ ਦੇ ਮੁੱਖੀ ਵੱਲੋਂ ਸੁਨਿਸ਼ਚਿਤ ਕੀਤਾ ਜਾਵੇ ਕਿ ਰਾਜ ਵਿਚ ਬਿਜਲੀ ਅਤੇ ਪਾਣੀ ਦੇ ਖਰਚੇ ਨੂੰ ਧਿਆਨ ਵਿੱਚ ਰੱਖਦੇ ਹੋਏ ਵਿੱਤ ਵਿਭਾਗ (ਵਿੱਤ ਬਜਟ-1 ਸ਼ਾਖਾ) ਵਲੋਂ ਜਾਰੀ ਪੱਤਰ ਨੰ: FD-FB-109/45/2019-1FB1/1/5037/2020, ਮਿਤੀ 7/1/2020 ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

6) ਸਰਕਾਰੀ ਅਧਿਕਾਰੀਆ ਵਲੋਂ ਕੈਂਪ ਆਫਿਸ ਦੀ ਬਜਾਏ ਆਪਣੇ ਦਫਤਰਾਂ ਵਿਚ ਹੀ ਕੰਮ ਕਰਨ ਸਬੰਧੀ ਪ੍ਰਸੋਨਲ ਵਿਭਾਗ (ਆਈ.ਏ.ਐਸ. ਸ਼ਾਖਾ) ਵਲੋਂ ਜਾਰੀ ਪੱਤਰ ਨੰ: ਪੀ.ਆਰ.ਐਸ./ ਆਈ.ਏ.ਐਸ./ ਸੀ.ਅਸਿਸ.9/2014-ਈ137/1578836/1, ਮਿਤੀ 19.9.2019 ਰਾਹੀਂ ਜਾਰੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

7) ਇਹ ਹਦਾਇਤਾਂ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ, ਬੋਰਡ/PSUs/ Commissions / Societies ਤੇ ਵੀ ਲਾਗੂ ਹੋਣਗੀਆਂ। ਵਿਭਾਗਾਂ ਦੇ ਪ੍ਰਬੰਧਕੀ ਸਕੱਤਰ, ਵਿਭਾਗਾਂ ਦੇ ਮੁੱਖੀ ਅਤੇ ਦਫਤਰਾਂ ਦੇ ਮੁੱਖੀ ਆਪੋ ਆਪਣੇ ਵਿਭਾਗਾਂ ਅਧੀਨ ਆਉਂਦੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ, ਬੋਰਡਜ਼ /PSUs/ Commissions / Societies ਤੋਂ ਇਹਨਾਂ ਹਦਾਇਤਾਂ ਦੀ ਪਾਲਣਾ ਕਰਾਉਣ ਲਈ ਜਿੰਮੇਵਾਰ ਹੋਣਗੇ। ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ ਤੇ ਸਬੰਧਤ ਜਿੰਮੇਵਾਰ ਅਧਿਕਾਰੀ ਦੇ ਖਿਲਾਫ ਪੰਜਾਬ ਸਿਵਲ ਸਰਵਿਸਜ (ਸਜਾ ਅਤੇ ਅਪੀਲ) 1970 ਦੀਆਂ ਵੱਡੀਆਂ ਸਜ਼ਾਵਾਂ ਦੇਣ ਲਈ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ।

ਵਿਸ਼ਵਾਸਪਾਤਰ,

ਹਰਵਿੰਦਰ ਸਿੰਘ

(ਹਰਵਿੰਦਰ ਸਿੰਘ)

ਬਜਟ ਅਫਸਰ

ਫ.ਬ.1

ਇਸ ਦਾ ਇਕ ਉਤਾਰਾ ਮੁੱਖ ਸਕੱਤਰ ਪੰਜਾਬ/ ਵਿਸ਼ੇਸ਼ ਸਕੱਤਰ ਮੁੱਖ ਸਕੱਤਰ /ਵਧੀਕ ਮੁੱਖ ਸਕੱਤਰ / ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਹਰਵਿੰਦਰ ਸਿੰਘ

ਬਜਟ ਅਫਸਰ

ਫ.ਬ.1

ਸੇਵਾ ਵਿਖੇ,

1) ਮੁੱਖ ਸਕੱਤਰ, ਪੰਜਾਬ ਸਰਕਾਰ।

2) ਸਮੂਹ ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ ।

3) ਸਮੂਹ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ।

4)) ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ।

5) ਸਮੂਹ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ।

6) ਪੰਜਾਬ ਸਰਕਾਰ ਦੇ ਸਮੂਹ ਪ੍ਰਬੰਧਕੀ ਸਕੱਤਰ ।

ਅੰ:ਵਿ:ਪੰ:ਨੰ:8/ 8/2019-5 ਵਿਬ 1/ 6821 ਮਿਤੀ, ਚੰਡੀਗੜ੍ਹ: 21 ਜਨਵਰੀ, 2020

ਪਿੱਠ ਅੰਕਣ ਨੰ: 8/ 8/2019-5 ਵਿਬ 1/6821 ਮਿਤੀ, ਚੰਡੀਗੜ੍ਹ: 21 ਜਨਵਰੀ, 2020

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਖਜਾਨਾ ਤੇ ਲੇਖਾ ਪੰਜਾਬ।

2) ਸਮੂਹ ਜਿਲ੍ਹਾਂ ਖਜਾਨਾ ਅਫਸਰ ਅਤੇ ਖਜਾਨਾ ਅਫਸਰ,

ਕਿਉਂਕਿ ਰਾਜ ਦੇ ਖਜਾਨਿਆਂ ਵਿਚ ਬਜਟ ਕੰਟਰੋਲ ਸਿਸਟਮ ਲਾਗੂ ਕਰ ਦਿੱਤਾ ਗਿਆ ਹੈ ਇਸ ਲਈ ਇਨ੍ਹਾਂ ਖਰਚਿਆਂ ਵਿਚ ਕਿਫਾਇਤ ਕਰਨ ਦੇ ਉਪਰਾਲਿਆਂ ਨੂੰ ਲਾਗੂ ਕਰਨ ਹਿੱਤ ਜੋ ਇਨ੍ਹਾਂ ਆਈਟਮਾਂ ਸਬੰਧੀ ਬਿਲ ਖਜਾਨੇ ਵਿਚ ਪੇਸ਼ ਕੀਤੇ ਜਾਂਦੇ ਹਨ, ਉਹਨਾਂ ਸਬੰਧੀ ਉਪਰੋਕਤ ਅਨੁਸਾਰ ਬਜਟ ਕੱਟ ਦਾ ਧਿਆਨ ਰੱਖਦੇ ਹੋਏ ਪੂਰਨ ਤੌਰ ਤੇ ਬਜਟ ਕੰਟਰੋਲ ਰੱਖਿਆ ਜਾਵੇ।

3) ਸਮੂਹ ਸੁਪਰਡੰਟ ਵਿੱਤ ਖਰਚਾ ਸ਼ਾਖਾਵਾਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜੇਕਰਕਿਸੇ ਵਿਭਾਗ ਵਲੋਂ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਬੰਧਤ ਜਿੰਮੇਵਾਰ ਅਧਿਕਾਰੀ ਦੇ ਖਿਲਾਫ ਪੰਜਾਬ ਸਿਵਲ ਸਰਵਿਸਜ (ਸਜਾ ਅਤੇ ਅਪੀਲ) 1970 ਦੀਆਂ ਵੱਡੀਆਂ ਸਜ਼ਾਵਾਂ ਦੇਣ ਲਈ ਅਨੁਸ਼ਾਸਨੀ ਕਾਰਵਾਈ ਦੇ ਖਰੜੇ ਉਚ ਅਧਿਕਾਰੀਆਂ ਨੂੰ ਪੇਸ਼ ਕੀਤੇ ਜਾਣ।

4) ਇੰਨਚਾਰਜ, ਟੀ.ਸੀ.ਐਸ।

ਬਜਟ ਅਫ਼ਸਰ

ਪਿੱਠ ਅੰਕਣ ਨੰ: 8/ 8/2019-5 ਵਿਬ 1/ 6821 ਮਿਤੀ, ਚੰਡੀਗੜ੍ਹ: 21 ਜਨਵਰੀ, 2020

ਇੱਕ ਉਤਾਰਾ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਚੰਡੀਗੜ੍ਹ ਅਤੇ ਮਹਾਂਲੇਖਾਕਾਰ (ਆਡਿਟ) ਪੰਜਾਬ ਚੰਡੀਗੜ੍ਹ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਬਜਟ ਅਫ਼ਸਰ

ਨੰ:8/8/2019-5 ਵਿਬ 1/ 6824

30855 ਸ਼ਾਖਾ
30-01-2020

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਬਜਟ-1ਸ਼ਾਖਾ)

ਮਿਤੀ, ਚੰਡੀਗੜ੍ਹ 21 ਜਨਵਰੀ, 2020

ਸੇਵਾ ਵਿਖੇ

1) ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਜਿਲ੍ਹਾ ਤੇ ਸੈਸ਼ਨ ਜੱਜ ਅਤੇ

2) ਰਜਿਸਟਰਾਰ,
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।

28/1/2020

30.1.2020

**ਵਿਸ਼ਾ: ਸਰਕਾਰੀ ਖਰਚੇ ਵਿਚ ਕਿਫਾਇਤ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ। (ਤਿਮਾਹੀ ਬੇਸ ਤੇ ਬਣਦੀ ਰਸੀਟ ਸਰਕਾਰ ਦੇ ਖਜਾਨੇ ਵਿਚ ਤੁਰੰਤ ਜਮ੍ਹਾਂ ਕਰਾਉਣ ਸਬੰਧੀ)**

ਸ੍ਰੀਮਾਨ/ਸ੍ਰੀਮਤੀ ਜੀ,

30/1/2020

ਸਰਕਾਰ ਵਲੋਂ ਵਿੱਤੀ ਸਾਧਨਾਂ ਅਤੇ ਖਰਚਿਆਂ ਵਿਚ ਸੰਤੁਲਨ ਬਣਾ ਕੇ ਰੱਖਣਾ ਜਰੂਰੀ ਹੁੰਦਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਵਿਭਾਗਾਂ ਵਲੋਂ ਜਿੰਨੇ ਖਰਚੇ ਕੀਤੇ ਜਾ ਰਹੇ ਹਨ ਉਸਦੀ ਤੁਲਨਾ ਵਿਚ ਉਹਨਾਂ ਵਲੋਂ ਰਸੀਟ ਘੱਟ ਜਨਰੇਟ ਕੀਤੀ ਜਾ ਰਹੀ ਹੈ। ਇਸ ਮੰਤਵ ਲਈ ਵਿੱਤ ਵਿਭਾਗ ਵਲੋਂ ਸਮੇਂ ਸਮੇਂ ਤੇ ਵਿਭਾਗਾਂ ਦੀ ਰਸੀਟ ਅਤੇ ਖਰਚਿਆਂ ਤੇ ਨਜ਼ਰਸਾਨੀ ਵੀ ਕੀਤੀ ਜਾਂਦੀ ਹੈ ਤਾਂ ਜੋ ਬਜਟ ਅਨੁਸ਼ਾਸਨ ਬਣਾ ਕੇ ਰਖਿਆ ਜਾ ਸਕੇ।

2. ਰਾਜ ਦੇ ਸਮੂਹ ਵਿਭਾਗਾਂ ਦੇ ਹਰ ਵਿੱਤੀ ਸਾਲ ਦੌਰਾਨ ਸਰਕਾਰ ਦੇ ਖਜਾਨੇ ਵਿਚ ਰਸੀਟ ਜਮ੍ਹਾਂ ਕਰਾਉਣ ਦੇ ਟਾਰਗੇਟਸ ਫਿਕਸ ਕੀਤੇ ਜਾਂਦੇ ਹਨ ਪਰ ਵਿਭਾਗਾਂ ਵਲੋਂ ਤਿਮਾਹੀ ਬੇਸ ਤੇ ਉਨੀ ਰਸੀਟ ਜਮ੍ਹਾਂ ਨਹੀਂ ਕਰਵਾਈ ਜਾਂਦੀ, ਜਿੰਨੀ ਬਜਟ ਲੈਣ ਸਮੇਂ ਰਸੀਟ ਬਜਟ ਦੇ ਅਨੁਮਾਨ ਪੇਸ਼ ਕੀਤੀ ਜਾਂਦੀ ਹੈ। ਕੋਈ ਵਿਭਾਗ ਬਿਨ੍ਹਾਂ ਕਿਸੇ reasonable ਜਸਟੀਫਿਕੇਸ਼ਨ ਦੇ ਸੰਬਧਿਤ ਵਿੱਤੀ ਸਾਲ ਲਈ ਫਿਕਸ ਕੀਤੇ ਤਿਮਾਹੀ ਅਤੇ ਸਲਾਨਾ ਰਸੀਟ ਟਾਰਗੇਟ ਪ੍ਰਾਪਤ ਕਰਨ ਤੋਂ ਵਾਂਝਾਂ ਨਹੀਂ ਰਹਿਣਾ ਚਾਹੀਦਾ। ਇਸ ਸਬੰਧ ਵਿਚ ਵਿੱਤ ਵਿਭਾਗ ਦੇ ਪੱਤਰ ਨੰ:3/2/2018-4 ਵਿਬ 1/379, ਮਿਤੀ 11.4.2019 ਦੇ ਪੈਰਾ 2(I)(d) and (e) ਦੀ ਇੰਨ ਬਿੰਨ ਪਾਲਣਾ ਕਰਦੇ ਹੋਏ ਤੁਰੰਤ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

3. ਇਹ ਹਦਾਇਤਾਂ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ, ਬੋਰਡ/PSUs/ Commissions / Societies ਤੇ ਵੀ ਲਾਗੂ ਹੋਣਗੀਆਂ। ਵਿਭਾਗਾਂ ਦੇ ਪ੍ਰਬੰਧਕੀ ਸਕੱਤਰ, ਵਿਭਾਗਾਂ ਦੇ ਮੁੱਖੀ ਅਤੇ ਦਫਤਰਾਂ ਦੇ ਮੁੱਖੀ ਆਪੋ ਆਪਣੇ ਵਿਭਾਗਾਂ ਅਧੀਨ ਆਉਂਦੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ, ਬੋਰਡਜ਼ /PSUs/ Commissions / Societies ਤੋਂ ਇਹਨਾਂ ਹਦਾਇਤਾਂ ਦੀ ਪਾਲਣਾ ਕਰਾਉਣ ਲਈ ਜਿੰਮੇਵਾਰ ਹੋਣਗੇ। ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ ਤੇ ਸੰਬਧਿਤ ਜਿੰਮੇਵਾਰ ਅਧਿਕਾਰੀ ਦੇ ਖਿਲਾਫ ਪੰਜਾਬ ਸਿਵਲ ਸਰਵਿਸਜ (ਸਜਾ ਅਤੇ ਅਪੀਲ) 1970 ਦੀਆਂ ਵੱਡੀਆਂ ਸਜ਼ਾਵਾਂ ਦੇਣ ਲਈ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ।

ਵਿਸ਼ਵਾਸਪਾਤਰ,

(ਹਰਵਿੰਦਰ ਸਿੰਘ)

ਬਜਟ ਅਫਸਰ

ਇਸ ਦਾ ਇਕ ਉਤਾਰਾ ਮੁੱਖ ਸਕੱਤਰ ਪੰਜਾਬ/ ਵਿਸ਼ੇਸ਼ ਸਕੱਤਰ ਮੁੱਖ ਸਕੱਤਰ /ਵਧੀਕ ਮੁੱਖ ਸਕੱਤਰ / ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਬਜਟ ਅਫਸਰ

ਸੇਵਾ ਵਿਖੇ,

1) ਮੁੱਖ ਸਕੱਤਰ, ਪੰਜਾਬ ਸਰਕਾਰ।
2) ਸਮੂਹ ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ।
3) ਸਮੂਹ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ।
4)) ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ।
5) ਸਮੂਹ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ।
6) ਪੰਜਾਬ ਸਰਕਾਰ ਦੇ ਸਮੂਹ ਪ੍ਰਬੰਧਕੀ ਸਕੱਤਰ।

ਅੰ:ਵਿ:ਪੰ:ਨੰ:8/ 8/2019-5 ਵਿਬ 1/ 6824 ਮਿਤੀ, ਚੰਡੀਗੜ੍ਹ:21 ਜਨਵਰੀ,2020

ਪਿੱਠ ਅੰਕਣ ਨੰ: 8/ 8/2019-5 ਵਿਬ 1/6824 ਮਿਤੀ, ਚੰਡੀਗੜ੍ਹ:21 ਜਨਵਰੀ,2020

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਖਜਾਨਾ ਤੇ ਲੇਖਾ ਪੰਜਾਬ।
2) ਸਮੂਹ ਜਿਲ੍ਹਾਂ ਖਜਾਨਾ ਅਫਸਰ ਅਤੇ ਖਜਾਨਾ ਅਫਸਰ,

ਕਿਉਂਕਿ ਰਾਜ ਦੇ ਖਜਾਨਿਆਂ ਵਿਚ ਬਜਟ ਕੰਟਰੋਲ ਸਿਸਟਮ ਲਾਗੂ ਕਰ ਦਿੱਤਾ ਗਿਆ ਹੈ ਇਸ ਲਈ ਇਨ੍ਹਾਂ ਖਰਚਿਆਂ ਵਿਚ ਕਿਫਾਇਤ ਕਰਨ ਦੇ ਉਪਰਾਲਿਆਂ ਨੂੰ ਲਾਗੂ ਕਰਨ ਹਿੱਤ ਜੋ ਵੀ

ਇਨ੍ਹਾਂ ਆਈਟਮਾਂ ਸਬੰਧੀ ਬਿਲ ਖਜਾਨੇ ਵਿਚ ਪੇਸ਼ ਕੀਤੇ ਜਾਂਦੇ ਹਨ, ਉਹਨਾਂ ਸਬੰਧੀ ਉਪਰੋਕਤ ਅਨੁਸਾਰ ਬਜਟ ਕੱਟ ਦਾ ਧਿਆਨ ਰੱਖਦੇ ਹੋਏ ਪੂਰਨ ਤੌਰ ਤੇ ਬਜਟ ਕੰਟਰੋਲ ਰੱਖਿਆ ਜਾਵੇ।

**3)** ਸਮੂਹ ਸੁਪਰਡੰਟ ਵਿੱਤ ਖਰਚਾ ਸ਼ਾਖਾਵਾਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜੇਕਰਕਿਸੇ ਵਿਭਾਗ ਵਲੋਂ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਬੰਧਤ ਜਿੰਮੇਵਾਰ ਅਧਿਕਾਰੀ ਦੇ ਖਿਲਾਫ ਪੰਜਾਬ ਸਿਵਲ ਸਰਵਿਸਜ (ਸਜਾ ਅਤੇ ਅਪੀਲ) 1970 ਦੀਆਂ ਵੱਡੀਆਂ ਸਜ਼ਾਵਾਂ ਦੇਣ ਲਈ ਅਨੁਸ਼ਾਸਨੀ ਕਾਰਵਾਈ ਦੇ ਖਰੜੇ ਉਚ ਅਧਿਕਾਰੀਆਂ ਨੂੰ ਪੇਸ਼ ਕੀਤੇ ਜਾਣ।

**4)** ਇੰਨਚਾਰਜ, ਟੀ.ਸੀ.ਐਸ।

**ਬਜਟ ਅਫਸਰ**

ਪਿੱਠ ਅੰਕਣ ਨੰ: 8/ 8/2019-5 ਵਿਬ 1/ 6824 ਮਿਤੀ, ਚੰਡੀਗੜ੍ਹ: 21 ਜਨਵਰੀ, 2020

ਇੱਕ ਉਤਾਰਾ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਚੰਡੀਗੜ੍ਹ ਅਤੇ ਮਹਾਂਲੇਖਾਕਾਰ (ਆਡਿਟ) ਪੰਜਾਬ ਚੰਡੀਗੜ੍ਹ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਬਜਟ ਅਫਸਰ**

I/6823/2020

30078 ਮਿਤੀ 29-01-2020

ਨੰ:8/8/2019-5 ਵਿਬ 1/ 6823

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਬਜਟ-1ਸ਼ਾਖਾ)

ਮਿਤੀ, ਚੰਡੀਗੜ੍ਹ 21 ਜਨਵਰੀ, 2020

ਸੇਵਾ ਵਿਖੇ

1) ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਜਿਲ੍ਹਾ ਤੇ ਸੈਸ਼ਨ ਜੱਜ ਅਤੇ

2) ਰਜਿਸਟਰਾਰ,
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।

28/1/2020

**ਵਿਸ਼ਾ: ਸਰਕਾਰੀ ਖਰਚੇ ਵਿਚ ਕਿਫਾਇਤ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ। (ਬੈਂਕਾਂ ਵਿਚ ਰਖੇ ਗਏ ਫੰਡਜ਼ ਸਰਕਾਰ ਦੇ ਖਜਾਨੇ ਵਿਚ ਤੁਰੰਤ ਜਮ੍ਹਾਂ ਕਰਾਉਣ ਸਬੰਧੀ)**

ਸ੍ਰੀਮਾਨ/ਸ੍ਰੀਮਤੀ ਜੀ,

ਸਰਕਾਰ ਵਲੋਂ ਵਿੱਤੀ ਸਾਧਨਾਂ ਅਤੇ ਖਰਚਿਆਂ ਵਿਚ ਸੰਤੁਲਨ ਬਣਾ ਕੇ ਰੱਖਣਾ ਜਰੂਰੀ ਹੁੰਦਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਵਿਭਾਗਾਂ ਵਲੋਂ ਜਿੰਨੇ ਖਰਚੇ ਕੀਤੇ ਜਾ ਰਹੇ ਹਨ ਉਸਦੀ ਤੁਲਨਾ ਵਿਚ ਉਹਨਾਂ ਵਲੋਂ ਰਸੀਟ ਘੱਟ ਜਨਰੇਟ ਕੀਤੀ ਜਾ ਰਹੀ ਹੈ। ਇਸ ਮੰਤਵ ਲਈ ਵਿੱਤ ਵਿਭਾਗ ਵਲੋਂ ਸਮੇਂ ਸਮੇਂ ਤੇ ਵਿਭਾਗਾਂ ਦੀ ਰਸੀਟ ਅਤੇ ਖਰਚਿਆਂ ਤੇ ਨਜ਼ਰਸਾਨੀ ਵੀ ਕੀਤੀ ਜਾਂਦੀ ਹੈ ਤਾਂ ਜੋ ਬਜਟ ਅਨੁਸ਼ਾਸਨ ਬਣਾ ਕੇ ਰਖਿਆ ਜਾ ਸਕੇ। ਕਈ ਵਿਭਾਗਾਂ ਵਲੋਂ ਸਰਕਾਰ ਦੇ ਖਜਾਨੇ ਵਿਚੋਂ ਫੰਡਜ਼ ਡਰਾਅ ਕਰਵਾ ਕੇ ਬੈਂਕਾਂ ਵਿਚ ਰੱਖ ਲਏ ਜਾਂਦੇ ਹਨ ਅਤੇ 31 ਮਾਰਚ ਨੂੰ ਫੰਡਜ਼ ਅਗਲੇ ਸਾਲ ਖਰਚਣ ਲਈ ਮੰਨਜੂਰੀ ਦੀ ਮੰਗ ਕੀਤੀ ਜਾਂਦੀ ਹੈ ਜਾਂ 31 ਮਾਰਚ ਨੂੰ ਇਹ ਰਕਮ ਸਮੇਤ ਵਿਆਜ਼ ਖਜਾਨੇ ਵਿਚ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ, ਜਦਕਿ ਸਰਕਾਰ ਨੂੰ ਖਜਾਨੇ ਵਿਚੋਂ ਫੰਡਜ਼ ਰਲੀਜ ਕਰਨ ਲਈ ਲਏ ਜਾ ਰਹੇ ਕਰਜਿਆਂ ਤੇ ਵੱਧ ਵਿਆਜ਼ ਦੇਣਾ ਪੈ ਰਿਹਾ ਹੈ।

2. ਉਪਰੋਕਤ ਦੇ ਸਬੰਧ ਵਿਚ ਸਰਕਾਰ ਵਲੋਂ ਫੈਸਲਾ ਲਿਆ ਗਿਆ ਹੈ ਕਿ ਜੇਕਰ ਕਿਸੇ ਵੀ ਵਿਭਾਗ ਵਲੋਂ ਸਰਕਾਰ ਦੇ ਖਜਾਨੇ ਵਿਚੋਂ ਫੰਡਜ਼ ਡਰਾਅ ਕਰਾ ਕੇ ਬਿਨ੍ਹਾਂ ਕਿਸੇ ਜਸਟੀਫਿਕੇਸ਼ਨ ਤੋਂ ਬੈਂਕਾਂ ਵਿਚ ਰਖੇ ਗਏ ਹਨ ਤਾਂ ਉਹ ਤੁਰੰਤ ਸਰਕਾਰ ਦੇ ਖਜਾਨੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ। ਜੇਕਰ ਕਿਸੇ ਵੀ ਵਿਭਾਗ ਵਲੋਂ ਬਿਨ੍ਹਾ ਕਿਸੇ

ਕਾਰਨ/ਜਸਟੀਫਿਕੇਸ਼ਨ ਦੇ ਸਰਕਾਰ ਦੇ ਖਜਾਨੇ ਵਿਚੋਂ ਡਰਾਅ ਕਰਵਾ ਕੇ ਬੈਂਕਾਂ ਵਿਚ ਰਖੇ ਜਾਂਦੇ ਹਨ ਜਾਂ ਬੈਂਕਾਂ ਵਿਚ ਰਖੇ ਗਏ ਫੰਡਜ਼ ਨੂੰ ਅਗਲੇ ਸਾਲ ਖਰਚਣ ਲਈ ਵਿੱਤ ਵਿਭਾਗ ਤੋਂ ਪ੍ਰਵਾਨਗੀ ਦੀ ਮੰਗ ਕੀਤੀ ਜਾਂਦੀ ਹੈ ਤਾਂ ਵਿੱਤੀ ਨਿਯਮਾਂ ਦੀ ਉਲੰਘਣਾ ਕਰਨ ਤੇ ਸੰਬਧਤ ਜਿੰਮੇਵਾਰ ਅਧਿਕਾਰੀ ਦੇ ਖਿਲਾਫ ਪੰਜਾਬ ਸਿਵਲ ਸਰਵਿਸਜ (ਸਜਾ ਅਤੇ ਅਪੀਲ) 1970 ਦੀਆਂ ਵੱਡੀਆਂ ਸਜ਼ਾਵਾਂ ਦੇਣ ਲਈ ਅਨੁਸ਼ਾਸਨੀ ਕਾਰਵਾਈ ਕਰਨੀ ਯਕੀਨੀ ਬਣਾਏ ਜਾਵੇ।

ਵਿਸ਼ਵਾਸਪਾਤਰ,

ਹਰਵਿੰਦਰ ਸਿੰਘ

(ਹਰਵਿੰਦਰ ਸਿੰਘ)

ਬਜਟ ਅਫਸਰ

ਉਪਰੋਕਤ ਦਾ ਇਕ ਉਤਾਰਾ ਮੁੱਖ ਸਕੱਤਰ ਪੰਜਾਬ/ ਵਿਸ਼ੇਸ਼ ਸਕੱਤਰ ਮੁੱਖ ਸਕੱਤਰ /ਵਧੀਕ ਮੁੱਖ ਸਕੱਤਰ / ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ

ਬਜਟ ਅਫਸਰ

ਸੇਵਾ ਵਿਖੇ,

1) ਮੁੱਖ ਸਕੱਤਰ, ਪੰਜਾਬ ਸਰਕਾਰ।
2) ਸਮੂਹ ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ ।
3) ਸਮੂਹ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ।
4)) ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ।
5) ਸਮੂਹ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ।
6) ਪੰਜਾਬ ਸਰਕਾਰ ਦੇ ਸਮੂਹ ਪ੍ਰਬੰਧਕੀ ਸਕੱਤਰ ।

ਅੰ:ਵਿ:ਪੰ:ਨੰ:8/ 8/2019-5 ਵਿਬ 1/ 6823 ਮਿਤੀ, ਚੰਡੀਗੜ੍ਹ: 8। ਜਨਵਰੀ, 2020

ਪਿੱਠ ਅੰਕਣ ਨੰ: 8/ 8/2019-5 ਵਿਬ 1/ 6823 ਮਿਤੀ, ਚੰਡੀਗੜ੍ਹ: 8। ਜਨਵਰੀ, 2020

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਖਜਾਨਾ ਤੇ ਲੇਖਾ ਪੰਜਾਬ।
2) ਸਮੂਹ ਜਿਲ੍ਹਾਂ ਖਜਾਨਾ ਅਫਸਰ ਅਤੇ ਖਜਾਨਾ ਅਫਸਰ,

ਕਿਉਂਕਿ ਰਾਜ ਦੇ ਖਜਾਨਿਆਂ ਵਿਚ ਬਜਟ ਕੰਟਰੋਲ ਸਿਸਟਮ ਲਾਗੂ ਕਰ ਦਿੱਤਾ ਗਿਆ ਹੈ ਇਸ ਲਈ ਇਨ੍ਹਾਂ ਖਰਚਿਆਂ ਵਿਚ ਕਿਫਾਇਤ ਕਰਨ ਦੇ ਉਪਰਾਲਿਆਂ ਨੂੰ ਲਾਗੂ ਕਰਨ ਹਿੱਤ ਜੋ ਵੀ

ਇਨ੍ਹਾਂ ਆਈਟਮਾਂ ਸਬੰਧੀ ਬਿਲ ਖਜਾਨੇ ਵਿਚ ਪੇਸ਼ ਕੀਤੇ ਜਾਂਦੇ ਹਨ, ਉਹਨਾਂ ਸਬੰਧੀ ਉਪਰੋਕਤ ਅਨੁਸਾਰ ਬਜਟ ਕੱਟ ਦਾ ਧਿਆਨ ਰੱਖਦੇ ਹੋਏ ਪੂਰਨ ਤੌਰ ਤੇ ਬਜਟ ਕੰਟਰੋਲ ਰੱਖਿਆ ਜਾਵੇ।

**3)** ਸਮੂਹ ਸੁਪਰਡੰਟ ਵਿੱਤ ਖਰਚਾ ਸ਼ਾਖਾਵਾਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜੇਕਰਕਿਸੇ ਵਿਭਾਗ ਵਲੋਂ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਬੰਧਤ ਜਿਮੇਵਾਰ ਅਧਿਕਾਰੀ ਦੇ ਖਿਲਾਫ ਪੰਜਾਬ ਸਿਵਲ ਸਰਵਿਸਜ (ਸਜਾ ਅਤੇ ਅਪੀਲ) 1970 ਦੀਆਂ ਵੱਡੀਆਂ ਸਜ਼ਾਵਾਂ ਦੇਣ ਲਈ ਅਨੁਸ਼ਾਸਨੀ ਕਾਰਵਾਈ ਦੇ ਖਰੜੇ ਉਚ ਅਧਿਕਾਰੀਆਂ ਨੂੰ ਪੇਸ਼ ਕੀਤੇ ਜਾਣ।

**4)** ਇੰਨਚਾਰਜ, ਟੀ.ਸੀ.ਐਸ ।

ਹਰਵਿੰਦਰ ਸਿੰਘ
**ਬਜਟ ਅਫਸਰ**
੭੭੦

ਪਿੱਠ ਅੰਕਣ ਨੰ: 8/ 8/2019-5 ਵਿਬ 1/ 6823 ਮਿਤੀ, ਚੰਡੀਗੜ੍ਹ: 21 ਜਨਵਰੀ, 2020

ਇੱਕ ਉਤਾਰਾ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਚੰਡੀਗੜ੍ਹ ਅਤੇ ਮਹਾਂਲੇਖਾਕਾਰ (ਆਡਿਟ) ਪੰਜਾਬ ਚੰਡੀਗੜ੍ਹ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
**ਬਜਟ ਅਫਸਰ**
੭੭੦

30074 ਸਕੱਤਰ
29-01-2020

ਨੰ:8/8/2019-5 ਵਿਬ 1/ 6822

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਬਜਟ-1ਸ਼ਾਖਾ)

ਮਿਤੀ, ਚੰਡੀਗੜ੍ਹ : 21 ਜਨਵਰੀ,2020

ਸੇਵਾ ਵਿਖੇ

1) ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ,
ਜਿਲ੍ਹਾ ਤੇ ਸੈਸ਼ਨ ਜੱਜ ਅਤੇ

2). ਰਜਿਸਟਰਾਰ,
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।

28/1/2020

**ਵਿਸ਼ਾ: ਸਰਕਾਰੀ ਖਰਚੇ ਵਿਚ ਕਿਫਾਇਤ ਕਰਨ ਸਬੰਧੀ ਹਦਾਇਤਾਂ ਜਾਰੀ ਕਰਨ ਬਾਰੇ। (ਰਾਜ ਵਿਚ ਕੀਤੀਆਂ ਜਾਣ ਵਾਲੀਆਂ ਕਾਨਫਰੰਸਾਂ/ ਸੈਮੀਨਾਰ/ ਵਰਕਸ਼ਾਪ ਕਰਨ ਸਬੰਧੀ)**

ਸ੍ਰੀਮਾਨ/ਸ੍ਰੀਮਤੀ ਜੀ,

ਸਰਕਾਰ ਵਲੋਂ ਵਿੱਤੀ ਸਾਧਨਾਂ ਅਤੇ ਖਰਚਿਆਂ ਵਿਚ ਸੰਤੁਲਨ ਬਣਾ ਕੇ ਰੱਖਣਾ ਜਰੂਰੀ ਹੁੰਦਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਵਿਭਾਗਾਂ ਵਲੋਂ ਜਿੰਨੇ ਖਰਚੇ ਕੀਤੇ ਜਾ ਰਹੇ ਹਨ ਉਸਦੀ ਤੁਲਨਾ ਵਿਚ ਉਹਨਾਂ ਵਲੋਂ ਰਸੀਟ ਘੱਟ ਜਨਰੇਟ ਕੀਤੀ ਜਾ ਰਹੀ ਹੈ। ਇਸ ਮੰਤਵ ਲਈ ਵਿੱਤ ਵਿਭਾਗ ਵਲੋਂ ਸਮੇਂ ਸਮੇਂ ਤੇ ਵਿਭਾਗਾਂ ਦੀ ਰਸੀਟ ਅਤੇ ਖਰਚਿਆਂ ਤੇ ਨਜ਼ਰਸਾਨੀ ਵੀ ਕੀਤੀ ਜਾਂਦੀ ਹੈ ਤਾਂ ਜੋ ਬਜਟ ਅਨੁਸ਼ਾਸਨ ਬਣਾ ਕੇ ਰਖਿਆ ਜਾ ਸਕੇ। ਸਰਕਾਰ ਦੇ ਵਿੱਤੀ ਸਾਧਨਾਂ ਦੇ ਸਨਮੁੱਖ ਵਿੱਤ ਵਿਭਾਗ ਵਲੋਂ ਬਜਟ ਉਪਬੰਧ ਦੇ ਖਰਚਿਆਂ ਵਿਚ ਕਿਫਾਇਤ ਕਰਨ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

(ੳ) ਉਪਰੋਕਤ ਦੇ ਮੱਦੇ ਨਜ਼ਰ ਸਰਕਾਰੀ ਖਰਚੇ ਵਿਚ ਕਿਫਾਇਤ ਕਰਨ ਲਈ ਵਿੱਤ ਵਿਭਾਗ ਵਲੋਂ ਹੇਠ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ: -

1) ਰਾਜ ਵਿਚ ਕੀਤੀਆਂ ਜਾਣ ਵਾਲੀਆਂ ਕਾਨਫਰੰਸਾਂ/ ਸੈਮੀਨਾਰ/ ਵਰਕਸ਼ਾਪਾਂ ਕਰਨ ਸਬੰਧੀ ਖਰਚੇ ਵਿਚ ਪੂਰੀ ਕਿਫਾਇਤ ਵਰਤੀ ਜਾਵੇ। ਸਿਰਫ ਉਹ ਕਾਨਫਰੰਸਾਂ / ਸੈਮੀਨਾਰ / ਵਰਕਸ਼ਾਪਾਂ ਹੀ ਕੀਤੀਆਂ ਜਾਣਗੀਆਂ ਜਿਹੜੀਆਂ ਕਿ ਬਹੁਤ ਹੀ ਜ਼ਰੂਰੀ ਹੋਣ। ਬਾਹਰਲੇ ਦੇਸ਼ਾਂ ਵਿਚ ਨੁਮਾਇਸ਼ਾਂ ਲਗਾਏ ਜਾਣ ਤੇ ਵੀ ਪੂਰੀ ਪਾਬੰਦੀ ਹੋਵੇਗੀ ਪ੍ਰੰਤੂ ਵਪਾਰ ਵਿੱਚ ਵਾਧੇ ਨਾਲ ਸਬੰਧਤ ਨੁਮਾਇਸ਼ ਮਾਨਯੋਗ ਮੁੱਖ ਮੰਤਰੀ ਜੀ ਦੀ ਪੂਰਵ ਪ੍ਰਵਾਨਗੀ ਨਾਲ ਹੀ ਲਗਾਈ ਜਾ ਸਕਦੀ ਹੈ।
2) ਪੰਜ ਤਾਰਾ ਜਾਂ ਇਸ ਤੋਂ ਉੱਪਰ ਦੇ ਪੱਧਰ ਦੇ ਹੋਟਲਾਂ ਵਿਚ ਮੀਟਿੰਗਾਂ/ਕਾਨਫਰੰਸਾਂ/ ਵਰਕਸ਼ਾਪ/ ਸੈਮੀਨਾਰ ਆਦਿ ਤੇ ਪੂਰਨ ਤੌਰ ਤੇ ਪਾਬੰਦੀ ਹੋਵੇਗੀ।

3) ਦੂਸਰੇ ਰਾਜਾਂ ਜਾਂ ਵਿਦੇਸ਼ਾਂ ਵਿਚ ਸਰਕਾਰੀ ਖਰਚੇ ਤੇ ਸਟੱਡੀ ਟੂਰ, ਕਾਨਫਰੰਸਾਂ/ ਵਰਕਸ਼ਾਪ/ ਸੈਮੀਨਾਰ ਆਦਿ ਤੇ ਪੂਰਨ ਪਾਬੰਦੀ ਹੋਵੇਗੀ ਅਤੇ ਸਿਰਫ ਉਹ ਕੇਸ ਹੀ ਵਿਚਾਰੇ ਜਾਣ ਜਿਹੜੇ ਸਪਾਂਸਰਿੰਗ ਏਜੰਸੀਆਂ ਵਲੋਂ ਪੂਰੀ ਤਰ੍ਹਾਂ ਫੰਡ ਕੀਤੇ ਗਏ ਹੋਣ ਭਾਵ ਜਿਸ ਵਿਚ ਸਰਕਾਰ ਦਾ ਕੋਈ ਖਰਚਾ ਨਾ ਹੋਵੇ।

4) ਇਹ ਹਦਾਇਤਾਂ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ, ਬੋਰਡ/PSUs/ Commissions / Societies ਤੇ ਵੀ ਲਾਗੂ ਹੋਣਗੀਆਂ। ਵਿਭਾਗਾਂ ਦੇ ਪ੍ਰਬੰਧਕੀ ਸਕੱਤਰ, ਵਿਭਾਗਾਂ ਦੇ ਮੁੱਖੀ ਅਤੇ ਦਫਤਰਾਂ ਦੇ ਮੁੱਖੀ ਆਪੋ ਆਪਣੇ ਵਿਭਾਗਾਂ ਅਧੀਨ ਆਉਂਦੇ ਸਰਕਾਰੀ ਅਤੇ ਅਰਧ ਸਰਕਾਰੀ ਅਦਾਰਿਆਂ, ਬੋਰਡਜ਼ /PSUs/ Commissions / Societies ਤੋਂ ਇਹਨਾਂ ਹਦਾਇਤਾਂ ਦੀ ਪਾਲੰਣਾ ਕਰਾਉਣ ਲਈ ਜਿੰਮੇਵਾਰ ਹੋਣਗੇ। ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕਰਨ ਤੇ ਸੰਬਧਤ ਜਿੰਮੇਵਾਰ ਅਧਿਕਾਰੀ ਦੇ ਖਿਲਾਫ ਪੰਜਾਬ ਸਿਵਲ ਸਰਵਿਸਜ (ਸਜਾ ਅਤੇ ਅਪੀਲ) 1970 ਦੀਆਂ ਵੱਡੀਆਂ ਸਜ਼ਾਵਾਂ ਦੇਣ ਲਈ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ।

ਵਿਸ਼ਵਾਸਪਾਤਰ,

(ਹਰਵਿੰਦਰ ਸਿੰਘ)
ਬਜਟ ਅਫ਼ਸਰ

ਇਸ ਦਾ ਇਕ ਉਤਾਰਾ ਮੁੱਖ ਸਕੱਤਰ ਪੰਜਾਬ/ ਵਿਸ਼ੇਸ਼ ਸਕੱਤਰ ਮੁੱਖ ਸਕੱਤਰ /ਵਧੀਕ ਮੁੱਖ ਸਕੱਤਰ / ਵਿੱਤੀ ਕਮਿਸ਼ਨਰ/ ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਤੁਰੰਤ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਬਜਟ ਅਫਸਰ

ਸੇਵਾ ਵਿਖੇ,

1) ਮੁੱਖ ਸਕੱਤਰ, ਪੰਜਾਬ ਸਰਕਾਰ।
2) ਸਮੂਹ ਵਿਸ਼ੇਸ਼ ਸਕੱਤਰ, ਪੰਜਾਬ ਸਰਕਾਰ।
3) ਸਮੂਹ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ।
4)) ਸਮੂਹ ਵਿੱਤੀ ਕਮਿਸ਼ਨਰ, ਪੰਜਾਬ ਸਰਕਾਰ।
5) ਸਮੂਹ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ।
6) ਪੰਜਾਬ ਸਰਕਾਰ ਦੇ ਸਮੂਹ ਪ੍ਰਬੰਧਕੀ ਸਕੱਤਰ।

ਅੰ:ਵਿ:ਪੰ:ਨੰ:8/ 8/2019-5 ਵਿਬ 1/6822 ਮਿਤੀ, ਚੰਡੀਗੜ੍ਹ: 21 ਜਨਵਰੀ,2020

ਪਿੱਠ ਅੰਕਣ ਨੰ: 8/ 8/2019-5 ਵਿਬ 1/ 6822 ਮਿਤੀ, ਚੰਡੀਗੜ੍ਹ: 21 ਜਨਵਰੀ,2020

ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

**1)** ਡਾਇਰੈਕਟਰ, ਖਜਾਨਾ ਤੇ ਲੇਖਾ ਪੰਜਾਬ।

**2)** ਸਮੂਹ ਜਿਲ੍ਹਾਂ ਖਜਾਨਾ ਅਫਸਰ ਅਤੇ ਖਜਾਨਾ ਅਫਸਰ,

ਕਿਉਂਕਿ ਰਾਜ ਦੇ ਖਜਾਨਿਆਂ ਵਿਚ ਬਜਟ ਕੰਟਰੋਲ ਸਿਸਟਮ ਲਾਗੂ ਕਰ ਦਿੱਤਾ ਗਿਆ ਹੈ ਇਸ ਲਈ ਇਨ੍ਹਾਂ ਖਰਚਿਆਂ ਵਿਚ ਕਿਫਾਇਤ ਕਰਨ ਦੇ ਉਪਰਾਲਿਆਂ ਨੂੰ ਲਾਗੂ ਕਰਨ ਹਿੱਤ ਜੋ ਵੀ ਇਨ੍ਹਾਂ ਆਈਟਮਾਂ ਸਬੰਧੀ ਬਿਲ ਖਜਾਨੇ ਵਿਚ ਪੇਸ਼ ਕੀਤੇ ਜਾਂਦੇ ਹਨ, ਉਹਨਾਂ ਸਬੰਧੀ ਉਪਰੋਕਤ ਅਨੁਸਾਰ ਬਜਟ ਕੱਟ ਦਾ ਧਿਆਨ ਰੱਖਦੇ ਹੋਏ ਪੂਰਨ ਤੌਰ ਤੇ ਬਜਟ ਕੰਟਰੋਲ ਰੱਖਿਆ ਜਾਵੇ।

**3)** ਸਮੂਹ ਸੁਪਰਡੰਟ ਵਿੱਤ ਖਰਚਾ ਸ਼ਾਖਾਵਾਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਵਿਭਾਗ ਵਲੋਂ ਇਨ੍ਹਾਂ ਹਦਾਇਤਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਸਬੰਧਤ ਜਿੰਮੇਵਾਰ ਅਧਿਕਾਰੀ ਦੇ ਖਿਲਾਫ ਪੰਜਾਬ ਸਿਵਲ ਸਰਵਿਸਜ (ਸਜਾ ਅਤੇ ਅਪੀਲ) 1970 ਦੀਆਂ ਵੱਡੀਆਂ ਸਜ਼ਾਵਾਂ ਦੇਣ ਲਈ ਅਨੁਸ਼ਾਸਨੀ ਕਾਰਵਾਈ ਦੇ ਖਰੜੇ ਉਚ ਅਧਿਕਾਰੀਆਂ ਨੂੰ ਪੇਸ਼ ਕੀਤੇ ਜਾਣ।

**4)** ਇੰਨਚਾਰਜ, ਟੀ.ਸੀ.ਐਸ।

ਰਾਜਿੰਦਰ ਸਿੰਘ
**ਬਜਟ ਅਫਸਰ**
21/1

ਪਿੱਠ ਅੰਕਣ ਨੰ: 8/ 8/2019-5 ਵਿਬ 1/ 6822 ਮਿਤੀ, ਚੰਡੀਗੜ੍ਹ: 21 ਜਨਵਰੀ,2020

ਇੱਕ ਉਤਾਰਾ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਚੰਡੀਗੜ੍ਹ ਅਤੇ ਮਹਾਂਲੇਖਾਕਾਰ (ਆਡਿਟ) ਪੰਜਾਬ ਚੰਡੀਗੜ੍ਹ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਰਾਜਿੰਦਰ ਸਿੰਘ
**ਬਜਟ ਅਫਸਰ**
21/1